ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ

(ਬਜਟ ਸ਼ਾਖਾ)

(Email: dpisc.budget@punjabeducation.gov.in)

ਵੱਲ (ਅਤਿ ਜ਼ਰੂਰੀ ਸਮਾਂਬੱਧ ਕੋਰਟ ਕੇਸ)

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ ਰਾਜ।
ਮੀਮੋ ਨੰ: 21/18-2020ਬ(1.3.7) 2024 2911 63
ਮਿਤੀ: 22-11-2024

ਵਿਸ਼ਾ: LPA 691 of 2020 Govt. of Punjab Versus Labh Singh Dhaliwal and others in CWP No. 7239 of 2015 Labh Singh Dhaliwal and Others Vs State of Punjab and others.

ਹਵਾਲਾ: ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ) ਦੇ ਪੱਤਰ ਨੰ: FD-FPPCOMISC/47/2020-3FPPC/1/972829/2024 ਮਿਤੀ 21.11.2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਿਵਲ ਰਿੱਟ ਪਟੀਸ਼ਨ ਨੰ: 7239 ਆਫ 2015 ਲਾਭ ਸਿੰਘ ਧਾਲੀਵਾਲ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ 18.12.2019 ਨੂੰ ਅਲਾਓ ਕਰਦੇ ਹੋਏ ਮਿਤੀ 01.01.2006 ਤੋਂ 30.11.2011 ਤੱਕ ਰਿਟਾਇਰ ਹੋਏ ਕਰਮਚਾਰੀਆਂ ਨੂੰ 33 ਸਾਲਾਂ ਦੀ ਸੇਵਾ ਦੀ ਥਾਂ ਤੇ 25 ਸਾਲਾਂ ਦੀ ਸੇਵਾ ਪੂਰੀ ਕਰਨ ਤੇ ਪੂਰੀ ਪੈਨਸ਼ਨ ਦੇਣ ਦਾ ਲਾਭ ਦਿੱਤਾ ਗਿਆ ਹੈ। ਇਸ ਫੈਸਲੇ ਦੇ ਵਿਰੁੱਧ ਵਿੱਤ ਵਿਭਾਗ, ਪੰਜਾਬ ਵਲੋਂ ਮਾਨਯੋਗ ਅਦਾਲਤ ਵਿਖੇ ਐਲ.ਪੀ.ਏ. ਨੰ: 691 ਆਫ 2020 ਦਾਇਰ ਕੀਤੀ ਗਈ ਹੈ ਜੋ ਕਿ ਮਿਤੀ 27.11.2024 ਨੂੰ ਮਾਨਯੋਗ ਅਦਾਲਤ ਵਿਖੇ ਸੁਣਵਾਈ ਲਈ ਨਿਸ਼ਚਿਤ ਹੈ। ਇਸ ਕੇਸ ਦੇ ਸਬੰਧ ਵਿੱਚ ਆਪ ਨੂੰ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ) ਪਾਸੋਂ ਪ੍ਰਾਪਤ ਪੱਤਰ ਸਮੇਤ ਪ੍ਰੋਫਾਰਮੇ (Form 1 ਅਤੇ Form 2 Excel Sheet) ਦੀ ਕਾਪੀ ਈਮੇਲ ਰਾਹੀਂ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਵਿੱਤ ਵਿਭਾਗ, ਪੰਜਾਬ ਪਾਸੋਂ ਪ੍ਰਾਪਤ ਪੱਤਰ ਅਤੇ ਪ੍ਰੋਫਾਰਮੇ ਵਿੱਚ ਦਰਸਾਈਆਂ ਗਈਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਆਪਣੇ ਆਪਣੇ ਜ਼ਿਲ੍ਹੇ ਦੀ ਮਿਤੀ 01.01.2006 ਤੋਂ ਮਿਤੀ 30.11.2011 ਤੱਕ ਰਿਟਾਇਰ ਹੋਏ ਹਰੇਕ ਕਾਡਰ ਦੇ ਕਰਮਚਾਰੀਆਂ ਦੀ ਮਿਤੀ 30.06.2024 ਪੈਣ ਵਾਲੇ ਵਿੱਤੀ ਬੋਝ (Financial Liability) ਸਬੰਧੀ ਕੰਸੋਲੀਡੇਟ ਸੂਚਨਾ ਨੱਥੀ ਪ੍ਰੋਫਾਰਮੇ ਵਿੱਚ ਭਰਕੇ ਅੱਜ ਹੀ ਮਿਤੀ 22.11.2024 ਸਮਾਂ 3 ਵਜੇ ਤੱਕ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਇਹ ਡਾਟਾ ਵਿਭਾਗ ਵਲੋਂ ਦਾਇਰ ਕੀਤੀਆਂ ਗਈਆਂ ਐਲ.ਪੀ.ਏਜ਼ ਵਿੱਚ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ। ਕਿਸੇ ਵੀ ਪ੍ਰਕਾਰ ਦੀ ਦੇਰੀ/ਅਣਗਹਿਲੀ ਦੀ ਸੂਰਤ ਵਿੱਚ ਜੇਕਰ ਮਾਨਯੋਗ ਅਦਾਲਤ ਵਲੋਂ ਕਿਸੇ ਵੀ ਪ੍ਰਕਾਰ ਦੇ ਐਡਵਰਸ ਹੁਕਮ ਪਾਸ ਕੀਤੇ ਜਾ ਸਕਦੇ ਹਨ ਤਾਂ ਇਸਦੀ ਨਿਰੋਲ ਜਿੰਮੇਵਾਰੀ ਆਪ ਦੇ ਦਫਤਰ ਦੀ ਨਿੱਜੀ ਹੋਵੇਗੀ।

ਦਫਤਰ ਜਿਲਾ ਸਿਖਿਆ ਅਫਸਰ (ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-5/1( )2024/1928 ਮਿਤੀ 22.11.2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਪ੍ਰਿੰਸੀਪਲਜ/ਮੁੱਖਅਧਿਆਪਕ, ਜਿਲਾ ਬਠਿੰਡਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਪ੍ਰੋਫਾਰਮਾ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਭਰਕੇ ਮੇਲ ਆਈਡੀ aj.dekhar@gmail.com ਤੇ ਅੱਜ ਹੀ ਮਿਤੀ 22.11.24 ਨੂੰ ਭੇਜਣੀ ਯਕੀਨੀ ਬਣਾਈ ਜਾਵੇ ਜੇਕਰ ਸੂਚਨਾ ਨਾ ਭੇਜੀ ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁਖੀ ਦੀ ਨਿਜੀ ਹੋਵੇਗੀ।

ਨੋਟ: ਇਹ ਸੂਚਨਾ ਐਕਸਲ ਵਿਚ ਬਣਾਕੇ ਹੀ ਭੇਜੀ ਜਾਵੇ ਅਤੇ ਇੱਕ ਸਾਈਨਡ ਕਾਪੀ ਪੀਡੀਐਫ ਬਣਾਕੇ ਭੇਜੀ ਜਾਵੇ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ

ਅਤਿ ਜਰੂਰੀ

ਸਮਾਂ ਬੱਧ


ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਐਟ ਪੰ.ਸ.ਸਿੰ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।

(ਕੋਆਰਡੀਨੇਸ਼ਨ ਸ਼ਾਖਾ)

(email. dpise.coordination@punjabeducation.gov.in)


ਵਿਸ਼ਾ:- LPA 691 of 2020-Government of Punjab versus Labh Singh Dhaliwal & others in CWP No. 7239 of 2015 Labh Singh Dhaliwal & others versus State of Punjab.

ਹਵਾਲਾ:- ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ) ਦਾ ਪੱਤਰ ਨੰ. FD-FPPCOMISC/47/2020-3FPPC/972829 ਮਿਤੀ 21.11.2024.

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਐਲ.ਪੀ.ਏ. 691 ਵਿੱਚ ਮਿਤੀ 01.01.2006 ਤੋਂ 30.11.2011 ਤੱਕ ਰਿਟਾਇਰ ਹੋਏ ਕਰਮਚਾਰੀਆਂ ਸਬੰਧੀ ਮਿਤੀ 01.01.2006 ਤੋਂ ਮਿਤੀ 30.06.2024 ਤੱਕ ਪੈਣ ਵਾਲੇ ਵਾਧੂ ਵਿੱਤੀ ਬੋਝ ਦੀ ਸੂਚਨਾ ਮੰਗੀ ਗਈ ਹੈ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਪਹਿਲਾਂ ਭੇਜੀ ਗਈ ਸੂਚਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਪੱਤਰ ਨਾਲ ਨੱਥੀ ਫਾਰਮੇਟ ਵਿੱਚ ਸੂਚਨਾ ਭਰਕੇ ਅੱਜ ਹੀ 4.00 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਸੇਵਾ ਵਿਖੇ

1. ਸਹਾਇਕ ਡਾਇਰੈਕਟਰ(ਅਮਲਾ-1) ਦ. ਡੀ.ਐਸ.ਈ.(ਐਲੀਮੈਂਟਰੀ), ਪੰਜਾਬ।
2. ਸਹਾਇਕ ਡਾਇਰੈਕਟਰ (ਸੇਵਾਵਾਂ-3) ਅਤੇ ਰਜਿਸਟਰਾਰ ਸਿੱਖਿਆ ਵਿਭਾਗ।
3. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)ਬਜਟ।

ਅੰ.ਵਿ.ਪੱਤਰ ਨੰ. 84367/DPISE-Cord/2024 29507-09 ਮਿਤੀ 22.11.2024

ਅਤਿ ਜਰੂਰੀ
ਸਮਾਂ ਬੱਧ

ਵਿੱਤ ਵਿਭਾਗ

(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ)

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਵਿਸ਼ਾ : LPA 691 of 2020- Government of Punjab versus Labh singh Dhaliwal & others in CWP No. 7239 of 2015- Labh Singh Dhaliwal & others versus State of Punjab.

*****

ਸਮੂਹ ਪ੍ਰਬੰਧਕੀ ਸਕੱਤਰ,ਕਿਰਪਾ ਕਰਕੇ ਉਪਰੋਕਤ ਸਬੰਧੀ ਇਸ ਸ਼ਾਖਾ ਦੇ ਪੱਤਰ ਮਿਤੀ 31.05.2024 ਅਤੇ ਮਿਤੀ 12.06.2024 ਦੀ ਲਗਾਤਾਰਤਾ ਵਿੱਚ।

2. ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਵੱਲੋਂ ਆਪਣੇ ਵਿਭਾਗ ਅਧੀਨ ਮਿਤੀ 01.01.2006 ਤੋਂ ਮਿਤੀ 30.11.2011 ਤੱਕ ਰਿਟਾਇਰ ਹੋਏ ਕਰਮਚਾਰੀਆਂ ਸਬੰਧੀ ਮਿਤੀ 01.01.2006 ਤੋਂ **ਮਿਤੀ 30.06.2024 ਤੱਕ ਪੈਣ ਵਾਲੀ** Additional Financial Liability ਸਬੰਧੀ ਸੂਚਨਾ ਭੇਜੀ ਸੀ।

ਹੁਣ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਮਾਨਯੋਗ ਅਦਾਲਤ ਵਿੱਚ ਚੱਲ ਰਹੇ ਇਸ ਕੇਸ ਵਿੱਚ ਮਾਨਯੋਗ ਅਦਾਲਤ ਨੂੰ ਜਾਣੂ ਕਰਵਾਉਣ ਲਈ ਡਿਟੇਲ ਵਿੱਚ ਸੂਚਨਾ ਲੋੜੀਂਦੀ ਹੈ। ਇਸ ਲਈ ਆਪ ਵੱਲੋਂ ਇਸ ਮਾਮਲੇ ਸਬੰਧੀ ਪਹਿਲਾਂ ਭੇਜੀ ਸੂਚਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਨਾਲ ਨੱਥੀ Annexure ਅਨੁਸਾਰ bifurcate ਕਰਦੇ ਹੋਏ 2 (ਦੋ) ਦਿਨਾਂ ਦੇ ਅੰਦਰ ਅੰਦਰ ਇਸ ਸ਼ਾਖਾ ਨੂੰ (ਈ.ਮੇਲ ਅਤੇ ਦਸਤੀ)(in excel format) ਭੇਜਣੀ ਯਕੀਨੀ ਬਣਾਈ ਜਾਵੇ।

3. ਉਕਤ ਸੂਚਨਾ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਕੰਸੋਲੀਡੇਟ ਕਰਕੇ ਘੱਟੋ ਘੱਟ ਅਧੀਨ ਸਕੱਤਰ ਦੇ ਪੱਧਰ ਦੇ ਅਧਿਕਾਰੀਆਂ ਰਾਹੀ ਹੀ ਭੇਜਣੀ ਯਕੀਨੀ ਬਣਾਈ ਜਾਵੇ।

4. ਇਹ ਕੇਸ ਮਾਨਯੋਗ ਅਦਾਲਤ ਵਿੱਚ ਮਿਤੀ 27.11.2024 ਨੂੰ ਸੁਣਵਾਈ ਲਈ ਨਿਸ਼ਚਿਤ ਹੈ

5. ਇਸ ਮਾਮਲੇ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

SUPERINTENDENT
21-11-2024

Annexure

## Name of the Administrative Department

| Year | Number of Pensioners (retired between 01.01.2006 to 30.11.2011 who would be benefited, if the qualifying service is taken as 25 years instead of 33 years) | Additional Financial burden (in crores) |
| --- | --- | --- |
| 2006 | | |
| 2007 | | |
| 2008 | | |
| 2009 | | |
| 2010 | | |
| 2011 | | |
| 2012 | | |
| 2013 | | |
| 2014 | | |
| 2015 | | |
| 2016 | | |
| 2017 | | |
| 2018 | | |
| 2019 | | |
| 2020 | | |
| 2021 | | |
| 2022 | | |
| 2023 | | |
| 2024 (upto 30.06.2024) | | |
| **TOTAL (in Crores)** | | |
| A. Additional Financial burden from 01.01.2006 to 31.12.2014 | | |
| (B ) Additional Financial burden from 01.01.2015 to | | |

| | |
|---|---|
| 30.06.2024 (in crores) | |